
੧ ੴ ਵਾਹਿਗੁਰੂ ਜੀ ਕੀ ਫ਼ਤਹ ॥

ਸੰਖੇਪ ਇਤਿਹਾਸ

# ਸ੍ਰੀ ਅਨੰਦ ਪੁਰ ਸਾਹਿਬ



ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ, ਸ੍ਰੀ ਅਨੰਦ ਪੁਰ ਸਾਹਿਬ

32

ਪ੍ਰਕਾਸ਼ਕ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ ਜੀ

ਪ੍ਰਕਾਸ਼ਕ :—
ਸਕੱਤ੍ਰ, ਸ਼੍ਰੋਮਣੀ ਗੁ: ਪ੍ਰ: ਕਮੇਟੀ,
ਅੰਮ੍ਰਿਤਸਰ ।

ਸਤੰਬਰ ੧੯੮੦ ੫੦੦੦
ਫਰਵਰੀ ੧੯੮੩ ੫੦੦੦

ਛਾਪਣ ਵਾਲੇ : —
ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, ਰਾਮਸਰ ਰੋਡ,
ਅੰਮ੍ਰਿਤਸਰ ।
ਪ੍ਰਿੰਟਰ—ਸ: ਭਾਨ ਸਿੰਘ
੩੭੭/੨-੮੩/੫੦੦੦

ੴ

# ਸ੍ਰੀ ਆਨੰਦਪੁਰ ਸਾਹਿਬ ਦੇ ਗੁਰਦੁਆਰੇ

## ਮੁੱਖ ਸ਼ਬਦ—

ਸ੍ਰੀ ਆਨੰਦਪੁਰ ਸਾਹਿਬ ਭਾਰਤ ਦੀ ਸੁਤੰਤਰਤਾ ਦਾ ਸੂਰਜ ਅਤੇ ਖ਼ਾਲਸਾ ਪੰਥ ਦਾ ਜਨਮ-ਅਸਥਾਨ ਹੈ । ਜਦੋਂ ਇਹ ਦੇਸ਼ ਮੁਗਲਾਂ ਦੀ ਗੁਲਾਮੀ ਦੇ ਸੰਗਲਾਂ ਵਿੱਚ ਜਕੜਿਆ ਪਿਆ ਸੀ ਤੇ ਛੁਟਕਾਰੇ ਦਾ ਕੋਈ ਰਸਤਾ ਨਜ਼ਰ ਨਹੀਂ ਸੀ ਆਉਂਦਾ ਤਾਂ ਇਹ ਸੂਰਜ ਦਸਮੇਸ਼ ਪਿਤਾ ਜੀ ਦੀ ਤਲਵਾਰ ਵਿੱਚੋਂ ਇਸ ਪਵਿੱਤਰ ਨਗਰੀ ਵਿੱਚੋਂ ਹੀ ਚਮਕਿਆ ਸੀ । ਇਸ ਪਵਿੱਤ੍ਰ ਅਸਥਾਨ ਦੀ ਇਤਿਹਾਸਕ ਮਹਾਨਤਾ ਤੋਲ ਮਾਪ ਤੋਂ ਬਾਹਰਲੀ ਗੱਲ ਹੈ । ਇਸ ਦਾ ਕੋਈ ਭੀ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ । ਇਸ ਪਵਿੱਤ੍ਰ ਧਰਤੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਦਸਮੇਸ਼ ਪਿਤਾ, ਪੰਜਾਂ ਪਿਆਰਿਆਂ, ਚਹੁੰ ਸਾਹਿਬਜ਼ਾਦਿਆਂ, ਅਨੇਕ ਸ਼ਹੀਦਾਂ ਤੇ ਸੂਰਬੀਰਾਂ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ । ਇਹ ਪਵਿੱਤ੍ਰ ਨੱਗਰੀ ਨਾਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਵਸਾਈ ਹੋਈ ਹੈ । ਸਾਹਿਬਾਂ ਨੇ ਗੁਰ-ਗੱਦੀ ਤੇ ਬੈਠਣ ਪਿਛੋਂ ਕਹਿਲੂਰ ਦੇ ਰਾਜੇ ਪਾਸੋਂ ਸੰ: ੧੭੨੨ ਬਿਕ੍ਰਮੀ ਵਿੱਚ ਇਹ ਜ਼ਮੀਨ ਖ਼ਰੀਦੀ । ਕਿਤਨੇ ਦੂਰ-ਦਰਸ਼ੀ ਸਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ! ਘਟ ਘਟ ਦੀਆਂ ਜਾਨਣ ਵਾਲੇ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਸਨ ਕਿ ਧਰਮ ਯੁੱਧ ਦਾ ਮੈਦਾਨ ਗਰਮ ਹੋਣ ਵਾਲਾ ਹੈ । ਏਸੇ ਲਈ ਉਨ੍ਹਾਂ ਵਿਸ਼ਾਲ ਕੁਦਰਤੀ ਕਿਲ੍ਹੇ ਜਿਹੀ ਇਹ ਥਾਂ ਖ਼ਰੀਦ ਕੇ ਏਥੇ ਨਗਰੀ ਵਸਾਈ ਅਤੇ ਇਸ ਦਾ ਨਾਂ ਆਪਣੀ ਪੂਜਯ ਮਾਤਾ ਜੀ ਦੇ ਨਾਮ ਤੇ ਚੱਕ ਮਾਤਾ ਨਾਨਕੀ ਰੱਖਿਆ । ਪਿੱਛੋਂ ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਭੰਗਾਣੀ ਦਾ ਯੁੱਧ ਜਿੱਤ ਕੇ ਵਾਪਸ ਇਸ ਨੱਗਰੀ ਵਿੱਚ ਆਏ ਤਾਂ ਉਨ੍ਹਾਂ ਨੇ ਏਥੇ ਇਕ ਕਿਲ੍ਹਾ ਬਣਾ ਕੇ ਉਸ ਦਾ ਨਾਮ ਆਨੰਦਗੜ੍ਹ ਰੱਖਿਆ । ਉਸ ਦੇ ਆਲੇ-ਦੁਆਲੇ ਚੋਖੀ ਵਸੋਂ ਵਸਾਈ । ਇਸ ਦੇ ਨਾਲ ਹੀ ਇਸ ਨੱਗਰੀ ਦਾ ਨਾਮ 'ਆਨੰਦਪੁਰ ਸਾਹਿਬ' ਪ੍ਰਸਿੱਧ ਹੋ ਗਿਆ । ਬਚਿੱਤ੍ਰ ਨਾਟਕ ਵਿੱਚ ਇਸ ਸੰਬੰਧ

ਵਿੱਚ ਇਸ ਪਰਕਾਰ ਲਿਖਿਆ ਹੋਇਆ ਹੈ—

ਜੁਧ ਜੀਤ ਆਏ ਜਬੈ ਟਿਕੇ ਨ ਤਿਨ ਪੁਰ ਪਾਂਵ ॥
ਕਾਹਲੂਰ ਮੈ ਬਾਂਧਿਓ ਆਨ ਆਨੰਦ ਪੁਰ ਗਾਂਵ ॥

ਇਸ ਨਗਰੀ ਵਿੱਚ ਗੁਰੂ ਸਾਹਿਬਾਨ ਦੀ ਯਾਦ ਵਿੱਚ ਬਹੁਤ ਸਾਰੇ ਪਵਿੱਤ੍ਰ ਗੁਰਦੁਆਰੇ ਹਨ। ਜਿਨ੍ਹਾਂ ਦਾ ਵੇਰਵਾ ਏਥੇ ਦੇਣਾ ਜ਼ਰੂਰੀ ਹੈ। ਇਹ ਮਹਾਂ ਪਵਿੱਤ੍ਰ ਅਸਥਾਨ ਇਸ ਪਰਕਾਰ ਹਨ:—

## ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ—

ਇਹ ਨਗਰੀ ਦਾ ਮਹਾਂ ਪਵਿੱਤ੍ਰ ਤੇ ਇਤਿਹਾਸਕ ਅਸਥਾਨ ਹੈ, ਜਿਥੇ ਕਿ ਸੰਮਤ ੧੭੫੬ ਬਿਕ੍ਰਮੀ ਅਰਥਾਤ ੧੬੯੯ ਈਸਵੀ ਨੂੰ ਭਾਰਤ ਦੀ ਸੁਤੰਤਰਤਾ ਦਾ ਸੂਰਜ ਚਮਕਿਆ। ਦਸਮੇਸ਼ ਪਿਤਾ ਨੇ ਸਿਰਾਂ ਦੀ ਭੇਟ ਲੈ ਕੇ ਪੰਜਾਂ ਪਿਆਰਿਆਂ ਦੀ ਚੋਣ ਕੀਤੀ। ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਫੇਰ ਉਨ੍ਹਾਂ ਤੋਂ ਆਪ ਅੰਮ੍ਰਿਤ ਪਾਨ ਕੀਤਾ। ਇਉਂ ਪੰਥ ਦੀ ਸਾਜਨਾ ਕਰ ਕੇ ਦੇਸ਼ ਦੀ ਆਜ਼ਾਦੀ ਲਈ ਧਰਮ ਯੁੱਧ ਦਾ ਬਿਗਲ ਵਜਾਇਆ। ਵੇਖਦੇ ਹੀ ਵੇਖਦੇ ਇਸ ਸੂਰਜ ਨੇ ਸਾਰੇ ਦੇਸ਼ ਨੂੰ ਆਜ਼ਾਦੀ ਦਾ ਚਾਨਣਾ ਦੇ ਦਿੱਤਾ। ਗੁਲਾਮੀ ਦਾ ਹਨੇਰਾ ਉੱਡ ਪੁੱਡ ਗਿਆ। ਇਸ ਪਵਿੱਤ੍ਰ ਤਖ਼ਤ ਸਾਹਿਬ ਦੀ ਸੁੰਦਰ ਇਮਾਰਤ ਦਾ ਨਜ਼ਾਰਾ ਮਨ ਨੂੰ ਮੋਹ ਲੈਂਦਾ ਹੈ। ਇਸ ਪਵਿੱਤ੍ਰ ਅਸਥਾਨ ਤੇ ਦਸਮੇਸ਼ ਪਿਤਾ ਜੀ ਦੇ ਹਸਤ-ਕੰਵਲਾਂ ਦੀ ਛੋਹ ਪ੍ਰਾਪਤ ਕਰ ਕੇ ਪਵਿੱਤਰ ਹੋਏ ਹੇਠ ਲਿਖੇ ਸ਼ਸਤ੍ਰ ਭੀ ਹਨ—

# ਪਵਿੱਤ੍ਰ ਸ਼ਸਤ੍ਰ

### ਖੰਡਾ—

ਇਹ ਉਹ ਪਵਿੱਤ੍ਰ ਸ਼ਸਤ੍ਰ ਹੈ, ਜਿਸ ਨਾਲ ਦਸਮੇਸ਼ ਪਿਤਾ ਜੀ ਨੇ ਪਹਿਲਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਪਿਛੋਂ ਉਨ੍ਹਾਂ ਤੋਂ ਆਪ ਅੰਮ੍ਰਿਤ ਛਕਿਆ ਸੀ।



### ਕਟਾਰ—

ਇਹ ਪਵਿੱਤ੍ਰ ਕਟਾਰ ਹਰ ਵੇਲੇ ਦਸਮੇਸ਼ ਪਿਤਾ ਜੀ ਦੇ ਕਮਰ-ਕੱਸੇ ਨਾਲ ਰਹਿੰਦੀ ਸੀ।

### ਨਾਗਣੀ ਬਰਛਾ—

ਇਹ ਉਹ ਪਵਿੱਤ੍ਰ ਬਰਛਾ ਹੈ, ਜਿਸ ਨਾਲ ਸਤਿਗੁਰੂ ਜੀ ਦੀ ਥਾਪਨਾ ਲੈ ਕੇ ਭਾਈ ਬਚਿੱਤ੍ਰ ਸਿੰਘ ਨੇ ਪਹਾੜੀ ਰਾਜਿਆਂ ਦੇ ਮਸਤੇ ਹਾਥੀ ਨਾਲ ਮੁਕਾਬਲਾ ਕੀਤਾ ਅਤੇ ਉਸ ਨੂੰ ਮਾਰ ਭਜਾਇਆ ਸੀ। ਇਹ ਮਸਤ ਹਾਥੀ ਕਿਲ੍ਹਾ ਲੋਹ ਗੜ੍ਹ ਦਾ ਦਰਵਾਜ਼ਾ ਤੋੜਨ ਲਈ ਪਹਾੜੀਆਂ ਨੇ ਭੇਜਿਆ ਸੀ।

### ਕਰਪਾ ਬਰਛਾ—

ਇਹ ਉਹ ਪਵਿੱਤਰ ਸ਼ਸਤ੍ਰ ਹੈ, ਜਿਸ ਨਾਲ ਦਸਮੇਸ਼ ਪਿਤਾ ਜੀ ਨੇ ਗੁਰੂ ਕੇ ਲਾਹੌਰ ਵਿੱਚ ਆਪਣੇ ਅਨੰਦ ਕਾਰਜ ਸਮੇਂ ਇਕ ਚਮਤਕਾਰ ਕਰ ਵਿਖਾਇਆ ਸੀ। ਇਸ ਬਰਛੇ ਦੁਆਰਾ ਤਿੰਨ ਵਾਰ ਧਰਤੀ ਤੇ ਸੰਕੇਤ ਕਰ ਕੇ ਨਿਰਮਲ ਜਲ ਦਾ ਸੋਮਾ ਪ੍ਰਗਟ ਕੀਤਾ। ਇਹ ਉਹ ਇਤਿਹਾਸਕ ਬਰਛਾ ਹੈ, ਜਿਸ ਤੇ ਟੰਗ ਕੇ ਭਾਈ ਉਦੇ ਸਿੰਘ ਨੇ ਰਾਜਾ ਕੇਸਰੀ ਚੰਦ ਜਸਵਾਲੀਏ ਦਾ ਸਿਰ ਲਿਆਂਦਾ ਸੀ।

### ਬੰਦੂਕ—

ਇਹ ਉਹ ਬੰਦੂਕ ਹੈ, ਜਿਸ ਨਾਲ ਦਸਮੇਸ਼ ਪਿਤਾ ਨੇ ਦਮਦਮੇ ਸਾਹਿਬ ਵਿੱਚ ਸਿੱਖਾਂ ਦੇ ਸਿਰ ਦੀ ਪ੍ਰੀਖਿਆ ਲਈ ਸੀ।

### ਸੈਫ਼—

ਇਹ ਹਜ਼ਰਤ ਅਲੀ ਦੇ ਹੱਥਾਂ ਦਾ ਛੋਹ ਪ੍ਰਾਪਤ ਸ਼ਸਤ੍ਰ ਹੈ, ਜੋ ਮੁਗ਼ਲ ਬਾਦਸ਼ਾਹ ਬਹਾਦੁਰ ਸ਼ਾਹ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭੇਟਾ ਕੀਤਾ ਸੀ।

## ਵਲਾਇਤ ਤੋਂ ਆਏ ਸਤਿਗੁਰਾਂ ਦੇ ਸ਼ਸਤ੍ਰ—

ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਦੇ ਉਹ ਪਵਿੱਤ੍ਰ ਸ਼ਸਤ੍ਰ ਭੀ ਹਨ, ਜੋ ਲਾਰਡ ਡਲਹੌਜ਼ੀ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਤੋਸ਼ੇਖਾਨੇ ਵਿੱਚੋਂ ਵਲਾਇਤ ਲੈ ਗਿਆ ਸੀ। ਇਹ ਪਵਿੱਤ੍ਰ ਸ਼ਸਤ੍ਰ ੧ ਜਨਵਰੀ ੧੯੬੬ ਨੂੰ ਹਵਾਈ ਜਹਾਜ਼ ਦਵਾਰਾ ਮੁੜ ਭਾਰਤ ਲਿਆਂਦੇ ਗਏ ਅਤੇ ਉਸ ਸਮੇਂ ਦੇ ਪ੍ਰਧਾਨ ਮੰਤ੍ਰੀ ਸਵਰਗੀ ਸ੍ਰੀ ਲਾਲ ਬਹਾਦਰ ਸ਼ਾਸਤ੍ਰੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਪੁਰਦ ਕੀਤੇ ਸਨ। ਇਹ ਪਵਿੱਤ੍ਰ ਸਸਤ੍ਰ ਹਨ:-

ਦਾਹਵੇ ਆਹਨੀ, ਸ਼ਮਸ਼ੀਰ ਤੇਗ, ਵੱਡਾ ਬਰਛਾ, ਬਰਛੀ, ਸੁਨਹਿਰੀ ਚੱਕਰ ਅਤੇ ਗੈਂਡੇ ਦੇ ਚਮੜੇ ਦੀ ਬਣੀ ਹੋਈ ਇਕ ਢਾਲ।

# ਹੋਰ ਗੁਰਦੁਆਰੇ

## ਗੁਰਦੁਆਰਾ ਮੰਜੀ ਸਾਹਿਬ—

ਇਹ ਅਸਥਾਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਹੈ, ਇਥੇ ਸਾਹਿਬਜ਼ਾਦੇ ਸ਼ਸਤ੍ਰ ਵਿਦਿਆ ਸਿਖਿਆ ਕਰਦੇ ਸਨ।

## ਗੁਰਦੁਆਰਾ ਸੀਸ ਗੰਜ ਸਾਹਿਬ—

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਾਂਦਨੀ ਚੌਂਕ ਦਿੱਲੀ ਵਿਚ ਸ਼ਹਾਦਤ ਹੋਣ ਤੋਂ ਬਾਅਦ ਉਨ੍ਹਾਂ ਦਾ ਪਵਿੱਤਰ ਸੀਸ ਭਾਈ ਜੈਤਾ (ਜੀਵਨ ਸਿੰਘ ਜੀ) ਆਨੰਦ ਪੁਰ ਸਾਹਿਬ ਲੈ ਕੇ ਆਏ ਸਨ ਅਤੇ ਇਸ ਅਸਥਾਨ ਤੇ ਸਸਕਾਰ ਕੀਤਾ ਗਿਆ ਸੀ।

## ਗੁਰਦੁਆਰਾ ਭੋਰਾ ਸਾਹਿਬ—

ਆਨੰਦ ਪੁਰ ਸਾਹਿਬ ਵਸਾਉਣ ਸਮੇਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਇਸ ਅਸਥਾਨ ਤੇ ਆਪਣੇ ਮਹਿਲ ਬਣਾਏ ਸਨ। ਏਥੇ ਹੀ "ਭੋਰਾ ਸਾਹਿਬ" ਉਨ੍ਹਾਂ ਦਾ ਭਜਨ ਅਸਥਾਨ ਹੈ। ਇਸ ਅਸਥਾਨ ਦੇ ਨਾਲ ਹੀ 'ਦਮਦਮਾ ਸਾਹਿਬ ਦੀ ਜਗ੍ਹਾ ਹੈ,ਜਿਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰ-ਗੱਦੀ ਦਿਤੀ ਗਈ ਸੀ। ਨਾਲ ਲਗਦਾ ਹੀ 'ਥੜ੍ਹਾ ਸਾਹਿਬ' ਅਸਥਾਨ ਹੈ। ਇਥੇ ਬੈਠ ਕੇ ਨਾਵੇਂ



ਪਾਤਸ਼ਾਹ ਜੀ ਨੇ ਦੁਖੀ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣੀ ਤੇ ਇਥੋਂ ਦੀ ਹਿੰਦੂ ਧਰਮ ਦੀ ਰਖਵਾਲੀ ਲਈ ਦਿੱਲੀ ਜਾ ਕੇ ਸ਼ਹੀਦੀ ਦਿੱਤੀ ਸੀ।

## ਗੁਰਦੁਆਰਾ ਕਿਲ੍ਹਾ ਆਨੰਦ ਗੜ੍ਹ ਸਾਹਿਬ—

ਭੰਗਾਣੀ ਦਾ ਯੁੱਧ ਜਿੱਤਣ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹ ਕਿਲ੍ਹਾ ਬਣਵਾਇਆ ਸੀ ਇਸ ਅਸਥਾਨ ਤੋਂ ਹੀ ਮੁਗਲਾਂ ਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਦਾ ਮੁਕਾਬਲਾ ਕੀਤਾ ਸੀ। ਏਥੇ ਹੀ ਉਹ ਪਵਿੱਤਰ 'ਬਾਉਲੀ' ਹੈ, ਜੋ ਕਿਲ੍ਹੇ ਵਿੱਚ ਹੁੰਦੀ ਸੀ ਤੇ ਜਿਸ ਦੀ ਬਾਅਦ ਵਿਚ ਸ: ਜੱਸਾ ਸਿੰਘ ਆਹਲੂਵਾਲੀਏ ਨੇ ਸੇਵਾ ਕਰਵਾਈ ਸੀ।

## ਗੁਰਦੁਆਰਾ ਕਿਲ੍ਹਾ ਲੋਹ ਗੜ੍ਹ ਸਾਹਿਬ—

ਇਹ ਛੋਟਾ ਪੱਕਾ ਕਿਲ੍ਹਾ ਦਸਮ ਪਾਤਸ਼ਾਹ ਜੀ ਨੇ ਬਣਵਾਇਆ ਸੀ। ਇਸੇ ਅਸਥਾਨ ਤੇ ਹੀ ਭਾਈ ਬਚਿੱਤ੍ਰ ਸਿੰਘ ਜੀ ਨੇ ਪਹਾੜੀ ਰਾਜਿਆਂ ਦੇ ਮਸਤ ਹਾਥੀ ਦਾ ਮੁਕਾਬਲਾ ਕੀਤਾ ਸੀ।

## ਗੁਰਦੁਆਰਾ ਕਿਲ੍ਹਾ ਹੋਲ ਗੜ੍ਹ ਸਾਹਿਬ—

ਇਹ ਛੋਟਾ ਕਿਲ੍ਹਾ ਵੀ ਕਲਗੀਧਰ ਪਿਤਾ ਜੀ ਨੇ ਬਣਵਾਇਆ ਸੀ। ਇਥੇ ਹੀ ਹੋਲੀ ਸਮੇਂ ਸਿੰਘ ਸ਼ਸਤ੍ਰ ਵਿਦਿਆ ਦੇ ਜੌਹਰ ਵਿਖਾਉਂਦੇ ਤੇ ਹੋਲਾ ਖੇਡਿਆ ਜਾਂਦਾ ਸੀ। ਇਸੇ ਅਸਥਾਨ ਤੇ ਹੀ ਭਾਈ ਨੰਦ ਲਾਲ ਜੀ ਗੋਇਆ ਪਹਿਲੀ ਵੇਰ ਗੁਰੂ ਜੀ ਦੇ ਪੇਸ਼ ਹੋਏ ਸਨ।

## ਗੁਰਦੁਆਰਾ ਮਾਤਾ ਜੀਤੋ ਜੀ—

ਇਸ ਅਸਥਾਨ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮਹਿਲ ਪੂਜਯ ਮਾਤਾ ਜੀਤੋ ਜੀ ਦਾ ਅੰਤਮ ਸੰਸਕਾਰ ਕੀਤਾ ਗਿਆ ਸੀ।

ਉਪਰੋਕਤ ਦੋਵੇਂ ਅਸਥਾਨ ਸ੍ਰੀ ਆਨੰਦ ਪੁਰ ਸਾਹਿਬ ਤੋਂ ਇਕ ਮੀਲ ਦੀ ਵਿਥ ਤੇ ਲਹਿੰਦੇ ਵਲ ਪਿੰਡ ਅਗੰਮਪੁਰ ਵਿਚ ਹਨ।

### ਗੁਰਦੁਆਰਾ ਗੁਰੂ ਕਾ ਲਾਹੌਰ—

ਇਸ ਅਸਥਾਨ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਮਾਤਾ ਜੀਤੋਂ ਜੀ ਨਾਲ ਆਨੰਦ ਕਾਰਜ ਹੋਇਆ ਸੀ। ਇਸ ਅਸਥਾਨ ਦੇ ਨਾਲ ਹੀ ਉਹ ਪਵਿੱਤਰ ਬਾਉਲੀ ਹੈ, ਜਿਸ ਦਾ ਜਲ ਕਲਗੀਆਂ ਵਾਲੇ ਪਾਤਸ਼ਾਹ ਨੇ ਬਰਛਾ ਮਾਰ ਕੇ ਕੱਢਿਆ ਸੀ। ਇਸ ਨੂੰ ਸੰਗਤਾਂ ਤ੍ਰਿਬੈਣੀ ਸਾਹਿਬ ਦੇ ਨਾਂ ਨਾਲ ਯਾਦ ਕਰਦੀਆਂ ਹਨ।

### ਗੁਰਦੁਆਰਾ ਸਿਹਰਾ ਸਾਹਿਬ—

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚੜ੍ਹਦੇ ਪਾਸੇ ਅਨੰਦ ਕਾਰਜ ਸਮੇਂ ਇਸ ਅਸਥਾਨ ਤੇ ਆਪ ਦੀ ਬਰਾਤ ਦਾ ਉਤਾਰਾ ਹੋਇਆ ਸੀ। ਇਥੇ ਹੀ ਸਾਹਿਬਾਂ ਨੇ 'ਸਿਹਰਾ' ਸਜਾਇਆ ਸੀ।

## ਕੀਰਤ ਪੁਰ ਸਾਹਿਬ

ਕੀਰਤ ਪੁਰ ਸਾਹਿਬ ਸਤਲੁਜ ਨਦੀ ਦੇ ਚੜ੍ਹਦੇ ਪਾਸੇ ਆਨੰਦ ਪੁਰ ਸਾਹਿਬ ਤੋਂ ਰੋਪੜ ਵਲ ਸਾਢੇ ਪੰਜ ਮੀਲ ਦੀ ਵਿੱਥ ਤੇ ਹੈ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਲਾਹੌਰ ਦੇ ਸੂਬੇ ਨਾਲ ਪਿੱਪਲੀ ਸਾਹਿਬ ਅਤੇ ਲੋਹ ਗੜ੍ਹ ਸਾਹਿਬ (ਅੰਮ੍ਰਿਤਸਰ) ਦੀ ਲੜਾਈ ਤੋਂ ਬਾਅਦ ਇਹ ਵਿਚਾਰ ਕੀਤੀ ਕਿ ਸਿੱਖਾਂ ਨੂੰ ਹੁਣ ਸ਼ਸਤ੍ਰ ਵਿਦਿਆ ਸਿਖਾਉਣ ਵਾਸਤੇ ਕਿਸੇ ਨਿਵੇਕਲੀ ਥਾਂ ਦੀ ਲੋੜ ਹੈ। ਸੋ ਆਪ ਜੀ ਨੇ ਰਾਜਾ ਕਹਿਲੂਰ, ਜਿਸ ਨੂੰ ਗੁਰੂ ਹਰਿਗੋਬਿੰਦ ਜੀ ਨੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਆਜ਼ਾਦ ਕਰਵਾਇਆ ਸੀ, ਦੇ ਇਲਾਕੇ ਵਿੱਚ ਇਹ ਥਾਂ ਚੁਣੀ ਅਤੇ ਆਪਣੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਇਸ ਨਗਰੀ ਨੂੰ ਚੰਗੀ ਤਰ੍ਹਾਂ ਆਬਾਦ ਕਰਨ ਲਈ ਭੇਜਿਆ। ਇਸ ਲਈ ਇਹ ਨੱਗਰ ੧੬੨੧ ਈਸਵੀ ਤੋਂ ੧੬੬੪ ਤਕ ਬੜਾ ਰੌਣਕ ਵਾਲਾ ਤੇ ਉੱਘਾ ਰਿਹਾ ਹੈ।

ਗੁਰੂ ਘਰ ਦੀ ਵਡਿਆਈ ਸੁਣਕੇ ਇਥੇ ਹੀ 'ਦਬਿਸਤਾਨਿ ਮਜ਼ਾਹਿਬ' ਦਾ ਕਰਤਾ 'ਮੁਹਸਨ ਫ਼ਾਨੀ' ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਸ ਆਇਆ ਸੀ।



### ਗੁਰਦੁਆਰਾ ਚਰਨ ਕੰਵਲ ਸਾਹਿਬ—

ਇਹ ਪਵਿੱਤ੍ਰ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਯਾਦ ਵਿੱਚ ਹੈ। ਆਪ ਜਦੋਂ ਆਪਣੀ ਤੀਸਰੀ ਉਦਾਸੀ ਵੇਲੇ ਮਨੀ ਕਰਨ ਆਦਿ ਥਾਵੀਂ ਗਏ ਸਨ ਤਾਂ ਆਪਣੇ ਇਕ ਸ਼ਰਧਾਲੂ ਪੰਡਿਤ ਪੀਂਝ ਰਾਮ ਨੂੰ ਇਥੇ ਆ ਕੇ ਦਰਸ਼ਨ ਦਿੱਤੇ ਸਨ। ਇਸ ਅਸਥਾਨ ਤੇ ਹੀ ਮੁਸਲਿਮ ਫ਼ਕੀਰ ਸਾਈਂ ਬੁੱਢਣ ਸ਼ਾਹ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਦੁੱਧ ਭੇਟਾ ਕੀਤਾ ਸੀ।

### ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ–

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਅੰਮ੍ਰਿਤਸਰ ਤੋਂ ਆ ਕੇ ਇਸ ਅਸਥਾਨ ਤੇ ਆਪਣਾ ਘਰ ਬਣਵਾਇਆ ਸੀ ਅਤੇ ਇਸ ਅਸਥਾਨ ਤੇ ਹੀ ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਅੱਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜਨਮ ਹੋਏ ਸਨ।

### ਗੁਰਦੁਆਰਾ ਦਮਦਮਾ ਸਾਹਿਬ—

ਇਸ ਅਸਥਾਨ ਤੇ ਗੁਰੂ ਸਾਹਿਬਾਨ ਆਈਆਂ ਸੰਗਤਾਂ ਨੂੰ ਗੁਰਮਤਿ ਦਾ ਉਪਦੇਸ਼ ਦਿਆ ਕਰਦੇ ਸਨ।

### ਗੁਰਦੁਆਰਾ ਤਖ਼ਤ ਸਾਹਿਬ–

ਇਸ ਅਸਥਾਨ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਛੱਡਣ ਤੋਂ ਬਾਅਦ ਆਪਣਾ ਤਖ਼ਤ ਕਾਇਮ ਕੀਤਾ ਤੇ ਕਿਲ੍ਹਾ ਬਣਵਾਇਆ ਸੀ। ਇਸ ਅਸਥਾਨ ਤੇ ਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰ-ਗੱਦੀ ਤੇ ਤਿਲਕ ਦੇਣ ਦੀ ਰਸਮ ਅਦਾ ਕੀਤੀ ਗਈ ਸੀ।

### ਗੁਰਦੁਆਰਾ ਹਰਿਮੰਦਰ ਸਾਹਿਬ–

ਇਸ ਅਸਥਾਨ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਗ਼ ਲਗਵਾਇਆ ਸੀ ਅਤੇ ਇਸ ਅਸਥਾਨ ਤੇ ਹੀ ਗੁਰੂ ਸਾਹਿਬਾਨ ਆਏ ਸਿੱਖ ਸ਼ਰਧਾਲੂਆਂ ਅਤੇ ਪ੍ਰਤਿਸ਼ਟਤ

ਵਿਅਕਤੀਆਂ ਨੂੰ ਮਿਲਿਆ ਕਰਦੇ ਸਨ। ਸ਼ਾਹਜ਼ਾਦਾ ਦਾਰਾ ਸ਼ਿਕੋਹ ਵੀ ਇਥੇ ਹੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨ ਕਰਨ ਆਇਆ ਸੀ।

## ਗੁਰਦੁਆਰਾ ਮੰਜੀ ਸਾਹਿਬ—

ਸ੍ਰੀ ਅੰਮ੍ਰਿਤਸਰ ਛੱਡਣ ਉਪ੍ਰੰਤ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਸਪੁੱਤ੍ਰੀ ਬੀਬੀ ਵੀਰੋ ਨੇ ਆਪਣਾ ਘਰ ਇਥੇ ਬਣਵਾਇਆ ਸੀ। ਇਥੇ ਗੁਰੂ ਸਾਹਿਬ ਵਲੋਂ ਦਿੱਤੀ ਹੋਈ ਇਕ ਪੋਥੀ, ਇਕ ਪਲੰਘ, ਇਕ ਪੱਖਾ, ਇਕ ਰੁਮਾਲ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਲੀ-ਟੋਪੀ ਦੇ ਦਰਸ਼ਨ ਕਰਾਏ ਜਾਂਦੇ ਹਨ।

## ਗੁਰਦੁਆਰਾ ਬਿਬਾਨ ਗੜ੍ਹ ਸਾਹਿਬ—

ਜਦੋਂ ਭਾਈ ਜੀਵਨ ਸਿੰਘ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਦਿੱਲੀ ਤੋਂ ਲੈ ਕੇ ਆਏ ਸਨ ਤਾਂ ਕੁਝ ਸਮਾਂ ਉਨ੍ਹਾਂ ਨੇ ਪਵਿੱਤਰ ਸੀਸ ਇਥੇ ਰੱਖਿਆ ਸੀ ਅਤੇ ਫੇਰ ਇਥੋਂ ਬਿਬਾਨ ਦੀ ਸ਼ਕਲ ਵਿੱਚ ਸੰਗਤਾਂ ਸ੍ਰੀ ਆਨੰਦ ਪੁਰ ਸਾਹਿਬ ਲੈ ਕੇ ਗਈਆਂ ਸਨ।

## ਗੁਰਦੁਆਰਾ ਬਾਬਾ ਗੁਰਦਿੱਤਾ ਜੀ—

ਬਾਬਾ ਗੁਰਦਿੱਤਾ ਜੀ ਵਲੋਂ ਜਿੰਦਵੜੀ ਦੇ ਅਸਥਾਨ ਤੇ ਇਕ ਬ੍ਰਾਹਮਣ ਦੀ ਮੋਈ ਗਊ ਨੂੰ ਜਿਊਂਦਾ ਕਰਨ ਦਾ ਪਤਾ ਲੱਗਣ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫੁਰਮਾਇਆ ਸੀ:—"ਕਰਾਮਾਤ ਨਾਂ ਕਹਿਰ ਦਾ ਹੈ, ਆਪ ਨੇ ਚੰਗਾ ਨਹੀਂ ਕੀਤਾ।" ਬਾਬਾ ਗੁਰਦਿੱਤਾ ਜੀ ਗੁਰੂ-ਪਿਤਾ ਨੂੰ ਪ੍ਰਣਾਮ ਕਰ ਕੇ ਉਥੋਂ ਉਠ ਕੇ ਉਸ ਉੱਚੀ ਠੇਰੀ ਤੇ ਆ ਗਏ, ਜਿਥੇ ਹੁਣ ਉਨ੍ਹਾਂ ਦੀ ਸਮਾਧ ਹੈ। ਇਸ ਅਸਥਾਨ ਉਤੇ ਆ ਕੇ ਇਕ ਨਿੰਮ ਦੀ ਛਿਟੀ ਗੱਡ ਦਿੱਤੀ, ਚਾਦਰ ਤਾਣ ਕੇ ਲੇਟ ਗਏ ਅਤੇ ਪ੍ਰਾਣ ਤਿਆਗ ਦਿੱਤੇ।

ਇਸ ਆਲੀਸ਼ਾਨ ਗੁਰਦੁਆਰਾ ਸਾਹਿਬ ਦੀ ਸੇਵਾ ਰੋਪੜ ਦੇ ਰਾਜਾ ਭੂਰ ਸਿੰਘ ਨੇ ਕਰਵਾਈ ਸੀ। ਇਸ ਅਸਥਾਨ ਦੇ ਨੇੜੇ ਹੀ ਸਾਈਂ ਬੁੱਢਣ ਸ਼ਾਹ ਦਾ ਮਜ਼ਾਰ ਹੈ।




## ਗੁਰਦੁਆਰਾ ਪਾਤਾਲ ਪੁਰੀ ਸਾਹਿਬ—

ਇਹ ਪਵਿੱਤਰ ਅਸਥਾਨ ਸਤਲੁਜ ਦੇ ਕੰਢੇ ਬੜੀ ਰਮਣੀਕ ਥਾਂ ਤੇ ਹੈ। ਇਸ ਅਸਥਾਨ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਉਨ੍ਹਾਂ ਤੋਂ ਪਿੱਛੋਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਅੰਤਮ ਸੰਸਕਾਰ ਕੀਤੇ ਗਏ ਸਨ। ਇਥੇ ਹੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀਆਂ ਅਸਥੀਆਂ ਅਤੇ ਬਾਬਾ ਰਾਮਰਾਇ ਜੀ ਦੀਆਂ ਅਸਥੀਆਂ ਆਈਆਂ ਸਨ। ਇਸ ਅਸਥਾਨ ਦੇ ਨਾਲ ਹੀ ਬਾਬਾ ਅਣੀ ਰਾਇ ਜੀ ਦੀ ਸਮਾਧ ਵੀ ਹੈ। ਗੁਰੂ ਮਹਾਰਾਜ ਦੇ ਸ਼ਰਧਾਲੂ ਆਪਣੇ ਸਵਰਗਵਾਸ ਹੋਏ ਸੰਬੰਧੀਆਂ ਦੀਆਂ ਅਸਥੀਆਂ ਇਥੇ ਹੀ ਦਰਿਆ ਸਤਲੁਜ ਵਿਚ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਆ ਕੇ ਜਲ ਪ੍ਰਵਾਹ ਕਰਦੇ ਹਨ।

ਦਾਸ:—

ਗੁਰਬਖਸ਼ ਸਿੰਘ
ਗਾਈਡ,
ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ, ਅਨੰਦ ਪੁਰ ਸਾਹਿਬ



ਗੁ: ਸੀਸ ਗੰਜ ਸਾਹਿਬ, ਸ੍ਰੀ ਅਨੰਦ ਪੁਰ ਸਾਹਿਬ